بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 25.01.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੀਆਂ ਇਮਾਨ ਵਧਾਉਣ ਵਾਲੀਆਂ ਗਲੱਾਂ ਦਾ ਮਨਮੋਹਕ ਤੇ ਮਨਭਾਉਂਦਾ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 25 ਜਨਵਰੀ 2019 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮਾਰਡਨ ਲੰਦਨ ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿੰਨ੍ਹਾ ਬਦਰੀ ਸਹਾਬਾ ਦਾ ਮੈਂ ਵਰਨਣ ਕਰਾਂਗਾ ਉਹਨਾਂ ਵਿੱਚੋਂ ਪਹਿਲਾ ਨਾਂ ਹਜ਼ਰਤ ਤੁਫ਼ੈਲ ਬਿਨ ਹਾਰਸ ਦਾ ਹੈ । ਹਜ਼ਰਤ ਤੁਫ਼ੈਲ ਬਿਨ ਹਾਰਸ ਆਪਣੇ ਭਾਈ ਹਜ਼ਰਤ ਉਬੈਦਾਹ ਅਤੇ ਹੁਸੈਨ ਦੇ ਨਾਲ ਬਦਰ ਵਿੱਚ ਸ਼ਾਮਲ ਹੋਏ ਸਨ ਇਸੇ ਪ੍ਰਕਾਰ ਆਪਨੇ ਉਹਦ, ਖ਼ੰਦਕ ਸਮੇਤ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਕੀਤਾ । ਇਹਨਾ ਦੀ ਵਫ਼ਾਤ 32 ਹਿਜਰੀ ਵਿੱਚ ਸਤੱਰ ਸਾਲ ਦੀ ਉਮਰ ਵਿੱਚ ਹੋਈ ।

ਦੂਜੇ ਸਹਾਬੀ ਹਨ ਹਜ਼ਰਤ ਸਲੀਮ ਬਿਨ ਉਮਰੋ ਅੰਸਾਰੀ । ਇਹਨਾਂ ਨੇ ਅਕਬਾ ਵਿੱਚ ਸਤੱਰ ਵਿਅਕਤੀਆਂ ਦੇ ਨਾਲ ਬੈਅਤ ਕੀਤੀ ਅਤੇ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਮਾਲ ਹੋਏ ਅਤੇ ਉਹਦ ਦੀ ਜੰਗ ਵਿੱਚ ਸ਼ਹੀਦੀ ਪ੍ਰਾਪਤ ਕੀਤੀ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾਂ ਦਾ ਨਾਂ ਹੈ ਹਜ਼ਰਤ ਸਲੀਮ ਬਿਨ ਹਾਰਸ ਅੰਸਾਰੀ । ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਉਹਦ ਦੀ ਜੰਗ ਵਿੱਚ ਸ਼ਹੀਦੀ ਪ੍ਰਾਪਤ ਕੀਤੀ ।

ਫਿਰ ਹਜ਼ਰਤ ਸਲੀਮ ਬਿਨ ਮਲਹਾਨ ਅੰਸਾਰੀ ਹਨ ਇਹਨਾ ਦੀ ਮਾਂ ਮਲੀਕਾ ਬਿੰਤ ਮਾਲਕ ਸਨ । ਹਜ਼ਰਤ ਅਨਸ ਬਿਨ ਮਾਲਕ ਦੇ ਮਾਮਾ ਜੋ ਕਿ ਹਜ਼ਰਤ ਉਮੇ ਹਰਾਮ ਅਤੇ ਹਜ਼ਰਤ ਉਮੇ ਸਲੀਮ ਦੇ ਭਾਈ ਸਨ । ਹਜ਼ਰਤ ਉਮੇ ਹਰਾਮ ਹਜ਼ਰਤ ਇਬਾਦਹ ਬਿਨ ਸਾਮਤ ਦੀ ਪਤਨੀ ਸਨ ਜੱਦ ਕਿ ਹਜ਼ਰਤ ਉਮੇ

ਸਲੀਮ ਹਜ਼ਰਤ ਅਬੂ ਤਲਹਾ ਅੰਸਾਰੀ ਦੀ ਪਤਨੀ ਸਨ ਅਤੇ ਉਹਨਾ ਦੇ ਸਾਹਿਬਜ਼ਾਦੇ ਹਜ਼ਰਤ ਅਨਸ ਬਿਨ ਮਾਲਕ ਖ਼ਾਦਿਮੇ ਰਸੂਲ ਸਲਲੱਾਹੁ ਅਲੈਹਿ ਵਸਲਮ ਸਨ । ਇਹਨਾਂ ਨੇ ਬਦਰ ਦੀ ਜੰਗ ਤੇ ਉਹਦ ਦੀ ਜੰਗ ਵਿੱਚ ਆਪਣੇ ਭਾਈ ਹਜ਼ਰਤ ਹਰਾਮ ਬਿਨ ਮਲਹਾਨ ਦੇ ਨਾਲ ਭਾਗ ਲਿਆ ਅਤੇ ਆਪ ਦੋਵੇਂ ਹੀ ਬੈਅਰੇ ਮਊਨਾ ਦੀ ਘਟਨਾ ਵਿੱਚ ਸ਼ਹੀਦੀ ਨੂੰ ਪ੍ਰਾਪਤ ਹੋਏ । ਦੁਸ਼ਮਣ ਗਿਣਤੀ ਵਿੱਚ ਬਹੁਤੇ ਸਨ, ਜੰਗ ਹੋਈ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵੋਸਲਮ ਦੇ ਸਹਾਬਾ ਸ਼ਹੀਦ ਕਰ ਦਿੱਤੇ ਗਏ । ਦੁਸ਼ਮਣਾ ਨੇ ਹਜ਼ਰਤ ਸਲੀਮ ਬਿਨ ਮਲਹਾਨ ਅਤੇ ਹਕਮ ਬਿਨ ਕਸਾਨ ਨੂੰ ਜੱਦ ਘੇਰ ਲਿਆ ਤਾਂ ਇਹਨਾਂ ਨੇ ਕਿਹਾ ਕਿ ਹੇ, ਅਲੱਾਹ ! ਸਾਨੂੰ ਤੇਰੇ ਬਿਨਾ ਕੋਈ ਅਜਿਹਾ ਨਹੀਂ ਮਿਲਦਾ ਜੋ ਸਾਡਾ ਸਲਾਮ ਤੇਰੇ ਰਸੂਲ ਨੂੰ ਪਹੁੰਚਾ ਦੇਵੇ, ਇਸ ਲਈ ਤੂੰ ਹੀ ਸਾਡਾ ਸਲਾਮ ਪਹੁੰਚਾ । ਜੱਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਜਿਬਰਾਈਲ ਨੇ ਇਸ ਦੀ ਖ਼ਬਰ ਦਿੱਤੀ ਤਾਂ ਆਪਨੇ ਫ਼ਰਮਾਇਆ, 'ਅਲੈਹਿਮੁਸੱਲਾਮ', ਉਹਨਾਂ'ਤੇ ਸਲਾਮਤੀ ਹੋਵੇ । ਮੁੰਜ਼ਰ ਬਿਨ ਉਮਰੋ ਨੇ ਇਹਨਾ ਲੋਕਾਂ ਨੂੰ ਕਿਹਾ ਕਿ ਜੇਕਰ ਤੁਸੀਂ ਚਾਹੋ ਤਾਂ ਅਸੀਂ ਤੁਹਾਨੂੰ ਅਮਨ ਦੇ ਦਿਆਂਗੇ ਪਰ ਉਹਨਾਂ ਨੇ ਇਨਕਾਰ ਕੀਤਾ । ਉਹ ਹਜ਼ਰਤ ਹਰਾਮ ਦੀ ਸ਼ਹਾਦਤ ਦੇ ਟਿਕਾਣੇ'ਤੇ ਆਏ ਉਹਨਾਂ ਲੋਕਾਂ ਨਾਲ ਜੰਗ ਕੀਤੀ ਇੱਥੋਂ ਤੱਕ ਕਿ ਸ਼ਹੀਦ ਕਰ ਦਿੱਤੇ ਗਏ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਉਹ ਅੱਗੇ ਵੱਧ ਗਏ ਤਾਂ ਜੋ ਮਰ ਜਾਣ ਅਰਥਾਤ ਮੌਤ ਦੇ ਸਾਹਮਣੇ ਚਲੇ ਗਏ ਹਾਲਾਂਕਿ ਉਹ ਇਸ ਨੂੰ ਜਾਣਦੇ ਸਨ । ਹਜ਼ੂਰ ਅਨਵਰ ਨੇ ਫ਼ਰਮਾਇਆ : ਬਹੁਤ ਬਹਾਦੁਰੀ ਨਾਲ ਮੁਕਾਬਲਾ ਕੀਤਾ ਵੈਰੀ ਦਾ । ਜੰਗ ਦੇ ਸਾਧਨ ਨ ਹੁੰਦਿਆਂ ਹੋਇਆਂ ਵੀ ਅਤੇ ਜੰਗ ਦੀ ਨੀਯਤ ਨਾਲ ਗਏ ਵੀ ਨਹੀਂ ਸਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ ਵਰਨਣ ਹੈ ਹਜ਼ਰਤ ਸਲੀਮ ਬਿਦ ਕੈਸ ਅੰਸਾਰੀ ਦਾ । ਹਜ਼ਰਤ ਖ਼ੌਲਾ ਬਿੰਤ ਕੈਸ ਦੇ ਭਰਾ ਸਨ ਜੋ ਹਜ਼ਰਤ ਹਮਜ਼ਾ ਦੀ ਪਤਨੀ ਸਨ । ਆਪ ਨੇ ਬਦਰ, ਉਹਦ ਤੇ ਖ਼ੰਦਕ ਸਣੇ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਵਸਲਮ ਨਾਲ ਭਾਗ ਲਿਆ । ਇਹਨਾ ਦੀ ਵਫ਼ਾਤ ਹਜ਼ਰਤ ਉਸਮਾਨ ਦੇ ਖ਼ਿਲਾਫ਼ਤ ਕਾਲ ਵਿੱਚ ਹੋਈ ।

ਫਿਰ ਇਕ ਸਹਾਬੀ ਸਨ ਸਾਬਤ ਬਿਨ ਸਾਅਲਬਾ । ਹਜ਼ਰਤ ਸਾਬਤ ਸਤੱਰ ਅੰਸਾਰ ਸਹਾਬਾ ਨਾਲ ਬੈਅਤੇ ਉਕਬਾ ਸਾਨੀਆ ਵਿੱਚ ਸ਼ਾਮਲ ਹੋਏ । ਆਪ ਬਦਰ, ਉਹਦ, ਖ਼ੰਦਕ, ਸੁਲਾਹ ਹੁਦੈਬੀਆ, ਖ਼ੈਬਰ ਦੀ ਜੰਗ, ਮੱਕੇ ਦੀ ਫ਼ਤਹ ਅਤੇ ਤਾਇਫ਼ ਦੀ ਜੰਗ ਵਿੱਚ ਵੀ ਸ਼ਾਮਲ ਸਨ । ਆਪ ਨੇ ਤਾਇਫ਼ ਦੀ ਜੰਗ ਦੇ ਦਿਨ ਹੀ ਸ਼ਹੀਦੀ ਦਾ ਜਾਮ ਗ੍ਰਹਿਣ ਕੀਤਾ ।

ਫਿਰ ਇਕ ਸਹਾਬੀ ਹਨ ਹਜ਼ਰਤ ਸਮਾਕ ਬਿਨ ਸਅਦ, ਬਦਰ ਵਿੱਚ ਆਪਣੇ ਭਰਾ ਹਜ਼ਰਤ ਬਸ਼ੀਰ ਦੇ ਨਾਲ ਸ਼ਾਮਲ ਹੋਏ ਅਤੇ ਉਹਦੀ ਦੀ ਜੰਗ ਵਿੱਚ ਵੀ ਸ਼ਮਾਲ ਹੋਏ ਸਨ । ਇਹਨਾਂ ਦਾ ਸੰਬੰਧ ਖ਼ਜ਼ਰਜ ਕਬੀਲੇ ਨਾਲ ਸੀ ।

ਫਿਰ ਇਕ ਸਹਾਬੀ ਜਾਬਰ ਬਿਨ ਅਬਦੁਲੱਾਹ ਬਿਨ ਰਯਾਬ ਹਨ । ਹਜ਼ਰਤ ਜਾਬਰ ਦੀ ਗਿਣਤੀ ਓਹਨਾ ਛੇ ਅੰਸਾਰ ਵਿੱਚ ਕੀਤੀ ਜਾਂਦੀ ਹੈ ਜੋ ਸਭ ਤੋਂ ਪਹਿਲਾਂ ਮੱਕੇ ਵਿੱਚ ਇਸਲਾਮ ਲਿਆਏ । ਹਜ਼ਰਤ ਜਾਬਰ ਬਦਰ, ਉਹਦ, ਖ਼ੰਦਕ ਅਤੇ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ

ਨਾਲ ਸ਼ਾਮਲ ਸਨ । ਬੈਅਤੇ ਉਕਬਾ ਊਲਾ ਤੋਂ ਪਹਿਲਾਂ ਅੰਸਾਰ ਦੇ ਕੁਝ ਲੋਕਾਂ ਦੀ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨਾਲ ਮੁਲਾਕਾਤ ਹੋਈ ਜਿੰਨ੍ਹਾ ਦੀ ਗਿਣਤੀ ਛੇ ਸੀ, ਉਹ ਛੇ ਸਹਾਬੀ ਇਹ ਸਨ । ਅਸਅਦ ਬਿਨ ਜ਼ਰਾਰਾਹ, ਔਫ਼ ਬਿਨ ਹਾਰਸ, ਰਾਫ਼ਿਅ ਬਿਨ ਮਾਲਕ ਬਿਨ ਅਜਲਾਨ ਅਤੇ ਕਤਬਾ ਬਿਨ ਆਮਰ ਬਿਨ ਹਦੀਦਹ ਅਤੇ ਅਕਬਾ ਬਿਨ ਆਮਰ ਬਿਨ ਨਾਬੀ ਅਤੇ ਜਾਬਰ ਬਿਨ ਅਬਦੁਲੱਾਹ ਬਿਨ ਰਯਾਬ । ਇਹ ਸਾਰੇ ਲੋਕ ਮੁਸਲਮਾਨ ਹੋ ਗਏ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤੋਂ ਵਿਦਾ ਹੁੰਦਿਆਂ ਹੋਇਆਂ ਇਹਨਾ ਨੇ ਬਿਨਤੀ ਕੀਤੀ ਕਿ ਸਾਨੂੰ ਖ਼ਾਨਾਜੰਗੀਆਂ ਨੇ ਬਹੁਤ ਕਮਜ਼ੋਰ ਕਰ ਦਿਤੱਾ ਹੈ । ਆਪੋ ਵਿੱਚ ਬਹੁਤ ਅਸਹਿਮਤੀਆਂ ਹਨ ਸਾਡੇ ਅੰਦਰ । ਅਸੀਂ ਯਸਰਬ ਜਾ ਕੇ ਆਪਣੇ ਭਰਾਵਾਂ ਨੂੰ ਪ੍ਰਚਾਰ ਕਰਾਂਗੇ ਇਸਲਾਮ ਦਾ ਅਤੇ ਕੋਈ ਦੂਰ ਨਹੀਂ ਕਿ ਅਲੱਾਹ ਤਆਲਾ ਆਪ ਦੇ ਸੰਦੇਸ਼ ਰਾਹੀਂ ਅਤੇ ਸਾਡੇ ਪ੍ਰਚਾਰ ਰਾਹੀਂ ਸਾਨੂੰ ਫਿਰ ਤੋਂ ਇਕਤੱਰ ਕਰ ਦੇਵੇ ਅਤੇ ਜੱਦ ਅਸੀਂ ਫਿਰ ਤੋਂ ਇਕੱਠੇ ਹੋ ਜਾਵਾਂਗੇ ਤਾਂ ਅਸੀਂ ਹਰ ਪ੍ਰਕਾਰ ਆਪਦੀ ਮਦਦ ਲਈ ਤਿਆਰ ਹੋਵਾਂਗੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਮੁੰਜ਼ਰ ਬਿਨ ਉਮਰੋ ਬਿਨ ਖ਼ਨੀਸ ਇਕ ਸਹਾਬੀ ਹਨ ਜਿੰਨ੍ਹਾ ਦਾ ਵਰਨਣ ਹੋਵੇਗਾ, ਇਹਨਾ ਦਾ ਸਿਰਨਾਵਾਂ ਸੀ 'ਮਾਨਿਕਲ ਮੌਤ' ਅਰਥਾਤ ਅੱਗੇ ਵਧੱਕੇ ਮੌਤ ਨੂੰ ਗੱਲ੍ਹ ਲਾਉਣ ਵਾਲਾ । ਖ਼ਜ਼ਰਜ ਕਬੀਲੇ ਦੇ ਪਰਿਵਾਰ ਬਨੂ ਸਾਅਦਾ ਵਿੱਚੋਂ ਸਨ । ਬੈਅਤੇ ਉਕਬਾ ਵਿੱਚ ਸ਼ਾਮਲ ਹੋਏ ਸਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਹਜ਼ਰਤ ਮੁੰਜ਼ਰ ਬਿਨ ਉਮਰੋ ਨੂੰ ਅਤੇ ਹਜ਼ਰਤ ਸਅਦ ਬਿਨ ਇਬਾਦਹ ਨੂੰ ਉਹਨਾ ਦੇ ਕਬੀਲੇ ਬਨੂ ਸਾਆਦਹ ਦਾ 'ਨਕੀਬ' ਨਿਯੁਕਤ ਕੀਤਾ ਸੀ ਅਰਥਾਤ ਸਰਦਾਰ ਨਿਯੁਕਤ ਕੀਤਾ ਸੀ ਜਾਂ ਨਿਗਰਾਨ ਨਿਯੁਕਤ ਕੀਤਾ ਸੀ । ਅਨਪੜ੍ਹਤਾ ਦੇ ਯੁੱਗ ਵਿੱਚ ਵੀ ਹਜ਼ਰਤ ਮੁੰਜ਼ਰ ਪੜ੍ਹਨਾ ਲਿਖੱਣਾ ਜਾਣਦੇ ਸਨ । ਹਰਤ ਮੁੰਜ਼ਰ ਬਦਰ ਅਤੇ ਉਹਦ ਦੀ ਜੰਗ ਵਿੱਚ ਵੀ ਸ਼ਾਮਲ ਹੋਏ । ਸੂਫ਼ੀ ਸੁਭਾਵ ਦੇ ਮਾਲਕ ਸਨ, ਬੈਅਰੇ ਮਊਨਾ ਵਿੱਚ ਸ਼ਹੀਦੀ ਪ੍ਰਾਪਤ ਕੀਤੀ ।

ਇਤਿਹਾਸ ਵਿੱਚ ਆਉਦਾ ਹੈ ਕਿ ਜੱਦ ਜਿਬਰਾਈਲ ਅਲੈਹਿ ਸਲਾਮ ਨੇ ਬੈਅਰੇ ਮਊਨਾ ਦੇ ਸ਼ਹੀਦਾਂ ਬਾਰੇ ਖ਼ਬਰ ਦਿੱਤੀ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਮੁੰਜ਼ਰ ਬਿਨ ਉਮਰੋ ਬਾਰੇ ਫ਼ਰਮਾਇਆ 'ਆਨਿਕਲ ਮੌਤਾ' ਅਰਥਾਤ ਹਜ਼ਰਤ ਮੁੰਜ਼ਰ ਬਿਨ ਉਮਰੋ ਨੇ ਇਹ ਜਾਣਦਿਆਂ ਹੋਇਆਂ ਕਿ ਹੁਣ ਸ਼ਹਾਦਤ ਹੀ ਮੁਕਦੱਰ ਹੈ ਆਪਣੇ ਸਾਥੀਆਂ ਵਾਂਗ ਉਸੇ ਪ੍ਰਕਾਰ ਲੜਦਿਆਂ ਹੋਇਆਂ ਸ਼ਹੀਦੀ ਨੂੰ ਪ੍ਰਵਾਨ ਕਰ ਲਿਆ । ਹਜ਼ਰਤ ਮੁੰਜ਼ਰ ਬਿਨ ਉਮਰੋ ਨੂੰ ਉਹਨਾ ਲੋਕਾਂ ਨੇ ਕਿਹਾ ਸੀ ਕਿ ਜੇਕਰ ਤੁਸੀਂ ਚਾਹੋ ਤਾਂ ਅਸੀਂ ਤੁਹਾਨੂੰ ਅਮਨ ਦੇ ਦਿਆਂਗੇ ਪਰ ਹਜ਼ਰਤ ਮੁੰਜ਼ਰ ਨੇ ਉਹਨਾਂ ਦੀ ਅਮਾਨ ਲੈਣ ਤੋਂ ਇਨਕਾਰ ਕਰ ਦਿਤੱਾ ।

ਹਜ਼ਰਤ ਮਾਬਦ ਬਿਨ ਇਬਾਦ ਇਕ ਸਹਾਬੀ ਸਨ ਜਿੰਨ੍ਹਾ ਦੀ ਗੋਤ ਅਬੂ ਹਮੀਜ਼ਹ ਸੀ । ਆਪ ਦੇ ਪਿਤਾ ਇਬਾਦ ਬਿਨ ਕਸ਼ੀਰ ਸਨ । ਇਹਨਾ ਦਾ ਸੰਬੰਧ ਖ਼ਜ਼ਰਜ ਕਬੀਲੇ ਦੀ ਸ਼ਾਖ਼ਾ ਬਨੂ ਸਾਲਮ ਬਿਨ ਗ਼ਨਮ ਬਿਨ ਔਫ ਨਾਲ ਸੀ । ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ਸਨ ।

ਫਿਰ ਇਕ ਸਹਾਬੀ ਹਨ ਹਜ਼ਰਤ ਅਬੀ ਬਿਨ ਅਬੀ ਜ਼ਗ਼ਬਾ ਅੰਸਾਰੀ । ਇਹਨਾ ਦੇ ਪਿਤਾ ਸਨਾਨ ਬਿਨ ਸਬੀਹ ਸਨ । ਆਪ ਨੇ ਹਜ਼ਰਤ ਉਮਰ ਦੇ ਖ਼ਿਲਾਫ਼ਤ ਕਾਲ ਵਿੱਚ ਵਫ਼ਾਤ ਪਾਈ । ਆਪ ਦਾ ਸੰਬੰਧ

ਅੰਸਾਰ ਦੇ ਇਕ ਕਬੀਲੇ ਜਹੀਨਹ ਨਾਲ ਸੀ । ਬਦਰ, ਉਹਦ ਤੇ ਖ਼ੰਦਕ ਸਣੇ ਸਾਰੀਆਂ ਜੰਗਾ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਆਪ ਨੂੰ ਹਜ਼ਰਤ ਬਸਬਸ ਬਿਨ ਉਮਰੋ ਦੇ ਨਾਲ ਜਾਣਕਾਰੀ ਲਿਆਉਣ ਦੇ ਉਦੇਸ਼ ਨਾਲ ਬਦਰ ਦੀ ਜੰਗ ਦੇ ਮੌਕੇ ਅਬੂ ਸੁਫ਼ਯਾਨ ਦੇ ਜੱਥੇ ਵੱਲ ਭੇਜਿਆ ਸੀ ।

ਫਿਰ ਇਕ ਸਹਾਬੀ ਹਜ਼ਰਤ ਰਬੀਅ ਬਿਨ ਅਯਾਸ ਹਨ, ਇਹਨਾ ਦਾ ਸੰਬੰਧ ਅੰਸਾਰ ਦੇ ਇਕ ਕਬੀਲੇ ਖ਼ਜ਼ਰਜ ਦੀ ਸ਼ਾਖ਼ਾ ਬਨੂ ਲੋਜ਼ਾਨ ਨਾਲ ਸੀ । ਬਦਰ ਦੀ ਜੰਗ ਵਿੱਚ ਆਪਣੇ ਭਰਾ ਵਰਕਾ ਬਿਨ ਅਯਾਸ ਅਤੇ ਉਮਰੋ ਬਿਨ ਅਯਾਸ ਨਾਲ ਸ਼ਾਮਲ ਹੋਏ । ਉਹਦ ਦੀ ਜੰਗ ਵਿੱਚ ਵੀ ਸ਼ਾਮਲ ਹੋਏ ।

ਫਿਰ ਇਕ ਸਹਾਬੀ ਹਨ ਜਿੰਨ੍ਹਾ ਦਾ ਨਾਂ ਹਜ਼ਰਤ ਉਮੈਰ ਬਿਨ ਆਮਰ ਅੰਸਾਰੀ ਹੈ । ਇਹਨਾ ਦੀ ਗੋਤ ਅਬੂਦਾਊਦ ਸੀ । ਇਹਨਾ ਦੇ ਪਿਤਾ ਆਮਰ ਬਿਨ ਮਾਲਕ ਸਨ । ਬਦਰ ਤੇ ਉਹਦ ਦੀ ਜੰਗ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਸਨ ।

ਫਿਰ ਇਕ ਸਹਾਬੀ ਹਨ ਹਜ਼ਰਤ ਸਅਦ ਬਿਨ ਖ਼ੌਲਾ । ਇਹਨਾ ਦਾ ਸੰਬੰਧ ਬਨੂ ਕਲਬ ਦੇ ਕਬੀਲੇ ਨਾਲ ਸੀ । ਆਪ ਹਜ਼ਰਤ ਹਾਤਬ ਬਿਨ ਅਬੀ ਬਲਤਅਹ ਦੇ ਅਜ਼ਾਦ ਕੀਤੇ ਗ਼ੁਲਾਮ ਸਨ । ਹਜ਼ਰਤ ਹਾਤਬ ਬਿਨ ਅਬੀ ਬਲਤਅਹ ਆਪ ਦੇ ਨਾਲ ਅਤਿਅੰਤ ਹਮਦਰਦੀ ਤੇ ਮਿਹਰਬਾਨੀ ਨਾਲ ਪੇਸ਼ ਆਉਂਦੇ ਸਨ । ਆਪ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਉਹਦ ਦੀ ਜੰਗ ਵਿੱਚ ਆਪ ਸ਼ਹੀਦ ਹੋਏ । ਹਜ਼ਰਤ ਉਮਰ ਨੇ ਹਜ਼ਰਤ ਸਅਦ ਦੇ ਪੁਤੱਰ ਅਬਦੁਲੱਾਹ ਬਿਨ ਸਅਦ ਦਾ ਅੰਸਾਰ ਨਾਲ ਵਜ਼ੀਫ਼ਾ ਨਿਧਾਰਤ ਕੀਤਾ ।

ਫਿਰ ਇਕ ਸਹਾਬੀ ਹਨ ਹਜ਼ਰਤ ਅਬੂ ਸਨਾਨ ਬਿਨ ਮਹਸਨ ਇਹਨਾ ਦੇ ਪਿਤਾ ਮਹਸਨ ਬਿਨ ਹਰਸਾਨ ਸਨ । ਹਜ਼ਰਤ ਅਬੂ ਸਾਨਾਨ ਬਿਨ ਮਹਸਨ ਹਜ਼ਰਤ ਅਕਾਸ਼ਹ ਬਿਨ ਮਹਸਨ ਦੇ ਭਰਾ ਸਨ । ਬਦਰ, ਉਹਦ ਤੇ ਖ਼ੰਦਕ ਦੀ ਜੰਗ ਵਿੱਚ ਸ਼ਾਮਲ ਹੋਏ । ਬੈਅਤੇ ਰਜ਼ਵਾਨ ਵਿੱਚ ਵੀ ਸ਼ਾਮਲ ਸਨ । ਹਜ਼ਰਤ ਅਬੂ ਸਨਾਨ ਬਿਨ ਮਹਸਨ ਦੀ ਮੌਤ ਉਸ ਸਮੇਂ ਹੋਈ ਜੱਦ ਹਜ਼ੂਰੇ ਅਕਰਮ ਸਲਲੱਾਹੁ ਅਲੈਹਿ ਵਸਲਮ ਨੇ ਬਨੂ ਕੁਰੈਜ਼ਾ ਦੇ ਘੇਰਾ ਕੀਤਾ ਹੋਇਆ ਸੀ । ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਇਹਨਾ ਨੂੰ ਕੁਰੈਜ਼ਾ ਦੇ ਕਬ੍ਰਸਤਾਨ ਵਿੱਚ ਦਫ਼ਨ ਕੀਤਾ ।

ਫਿਰ ਇਕ ਸਹਾਬੀ ਹਨ ਹਜ਼ਰਤ ਕੈਸ ਬਿਨ ਸਕਨ ਅੰਸਾਰੀ । ਹਜ਼ਰਤ ਕੈਸ ਦੇ ਪਿਤਾ ਦਾ ਨਾਂ ਸਕਨ ਸੀ । ਆਪ ਬਦਰ, ਉਹਦ, ਖ਼ੰਦਕ ਅਤੇ ਬਕੀ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਆਪ ਦੀ ਗਿਣਤੀ ਉਹਨਾ ਸਹਾਬਾ ਵਿੱਚ ਹੁੰਦੀ ਹੈ ਜਿੰਨ੍ਹਾ ਨੇ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਜ਼ਮਾਨੇ ਵਿੱਚ ਕੁਰਆਨ ਕਜੀਦ ਜਮਾ ਕੀਤਾ ।

ਹਜ਼ਰਤ ਕੈਸ ਦੀ ਸ਼ਹੀਦੀ ਯੌਮੇ ਜਸਰ ਦੇ ਮੌਕੇ ਹੋਈ । ਹਜ਼ਰਤ ਉਮਰ ਦੀ ਖ਼ਿਲਾਫ਼ਤ ਦੇ ਕਾਲ ਵਿੱਚ ਈਰਾਨੀਆਂ ਨਾਲ ਜੰਗ ਵਿੱਚ ਫ਼ਰਾਤ ਦਰਿਆ ਉਪੱਰ ਜੋ ਪੁਲ ਤਿਆਰ ਕੀਤਾ ਗਿਆ ਸੀ ਇਸੇ ਸੰਦਰਭ ਵਿੱਚ ਇਸ ਮਾਡਲ ਨੂੰ 'ਯੌਮੇ ਜਸਰ' ਕਿਹਾ ਜਾਂਦਾ ਹੈ ।

ਫਿਰ ਇਕ ਸਹਾਬੀ ਹਨ ਅਬੁਲ ਯਸਰ ਕਅਬ ਬਿਨ ਉਮਰੋ । ਇਹਨਾ ਦੇ ਪਿਤਾ ਉਮਰੋ ਬਿਨ ਅਬਾਦ ਸਨ ਮਾਤਾ ਦਾ ਨਾਂ ਨਸੀਬਾ ਬਿੰਤ ਅਜ਼ਹਰ ਸੀ ਜੋ ਬਨੂ ਸਲਮੀ ਕਬੀਲੇ ਵਿੱਚੋਂ ਸਨ, ਆਪ ਬੈਅਤੇ

ਉਕਬਾ ਵਿੱਚ ਸ਼ਾਮਲ ਹੋਏ ਅਤੇ ਬਦਰ ਦੀ ਜੰਗ ਵਿੱਚ ਵੀ ਸ਼ਾਮਲ ਹੋਏ ਅਤੇ ਹੋਰਨਾ ਜੰਗਾ ਵਿੱਚ ਵੀ ਸ਼ਾਮਲ ਰਹੇ । ਜੰਗੇ ਸਫ਼ੈਨ ਵਿੱਚ ਵੀ ਹਜ਼ਰਤ ਅਲੀ ਦੇ ਨਾਲ ਸ਼ਾਮਲ ਹੋਏ । ਬਦਰ ਦੀ ਜੰਗ ਵਿੱਚ ਅਪ ਨੇ ਹਜ਼ਰਤ ਅਬੱਾਸ ਨੂੰ ਗ੍ਰਿਫ਼ਤਾਰ ਕੀਤਾ ਸੀ । ਇਸ ਬਾਰੇ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਆਪ ਨੂੰ ਫ਼ਰਮਾਇਆ ਸੀ ਕਿ ਨਿਸ਼ਚੇ ਹੀ ਇਸ ਵਿੱਚ ਇਕ ਸਨਮਾਨ ਯੋਗ ਫ਼ਰਿਸ਼ਤੇ ਨੇ ਤੇਰੀ ਮਦਦ ਕੀਤੀ ਹੈ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਸੀਰਤ ਖ਼ਾਤਮਨੱਬੀਯੀਨ ਵਿੱਚ ਲਿਖੱਦੇ ਹਨ ਕਿ ਅਬਾਦਹ ਬਿਨ ਵਲੀਦ ਰਿਵਾਇਤ ਕਰਦੇ ਹਨ ਕਿ ਅਸੀਂ ਇਕ ਵਾਰ ਹਜਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਹਾਬੀ ਅਬੁ ਯਸਰ ਨੂੰ ਮਿਲੇ, ਉਸ ਸਮੇਂ ਉਹਨਾਂ ਨਾਲ ਇਕ ਗ਼ੁਲਾਮ ਵੀ ਸੀ ਅਤੇ ਅਸੀਂ ਦੇਖਿਆ ਕਿ ਇਕ ਧਾਰੀਦਾਰ ਚਦੱਰ ਅਤੇ ਇਕ ਯਮਨੀ ਚਦੱਰ ਉਹਨਾ ਦੇ ਪਿੰਡੇ ਉਪੱਰ ਸੀ ਅਤੇ ਇਸੇ ਪ੍ਰਕਾਰ ਇਕ ਧਾਰੀਦਾਰ ਚਦੱਰ ਅਤੇ ਇਕ ਯਮਨੀ ਚਦੱਰ ਉਹਨਾ ਦੇ ਗ਼ੁਲਾਮ ਦੇ ਪਿੰਡੇ ਉਪੱਰ ਸੀ । ਮੈਂ ਉਹਨਾਂ ਨੂੰ ਕਿਹਾ ਕਿ ਚਾਚਾ ਤੁਸੀਂ ਅਜਿਹਾ ਕਿਉਂ ਨਹੀਂ ਕੀਤਾ ਕਿ ਆਪਣੇ ਗ਼ੁਲਾਮ ਦੀ ਧਾਰੀਦਾਰ ਚਦੱਰ ਆਪ ਲੈ ਲੈਂਦੇ ਅਤੇ ਆਪਣੀ ਚਦੱਰ ਉਸਨੂੰ ਦੇ ਦਿੰਦੇ ਜਾਂ ਉਸ ਦੀ ਯਮਨੀ ਚਦੱਰ ਆਪ ਲੈ ਲੈਂਦੇ ਅਤੇ ਆਪਣੀ ਧਾਰੀਦਾਰ ਚਦੱਰ ਉਸਨੂੰ ਦੇ ਦਿੰਦੇ ਤਾਂ ਜੋ ਤੁਸੀਂ ਦੋਹਾਂ ਦੇ ਪਿੰਡੇ ਉਪੱਰ ਇਕ ਪ੍ਰਕਾਰ ਦਾ ਜੋੜਾ ਹੋ ਜਾਂਦਾ । ਹਜ਼ਰਤ ਅਬੁਲ ਯਸਰ ਨੇ ਫ਼ਰਮਾਇਆ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਰਦੇ ਸਨ ਕਿ ਅਪਣੇ ਗ਼ੁਲਾਮਾ ਨੂੰ ਉਹੋ ਖ਼ੁਆਓ ਜੋ ਤੁਸੀਂ ਖਾਂਦੇ ਹੋ ਅਤੇ ਓਹੋ ਵਸਤਰ ਪੁਆਓ ਜੋ ਤੁਸੀਂ ਪਾਉਂਦੇ ਹੋ । ਸੋ, ਮੈਂ ਇਸ ਗੱਲ ਨੂੰ ਬਹੁਤਾ ਪਸੰਦ ਕਰਦਾ ਹਾਂ ਕਿ ਮੈਂ ਦੁਨੀਆ ਦੇ ਧਨ ਮਾਲ ਵਿੱਚ ਆਪਣੇ ਗ਼ੁਲਾਮ ਨੂੰ ਬਰਾਬਰ ਦਾ ਹਿਸੱਾ ਦੇ ਦਿਆਂ ਨ ਕਿ ਇਸ ਦੀ ਤੁਲਾਨਾ ਵਿੱਚ ਕਿ ਕਯਾਮਤ ਦੇ ਦਿਨ ਮੇਰੇ ਪੁੰਨ ਵਿੱਚ ਕੋਈ ਕਮੀ ਆਵੇ ।

ਹਜ਼ਰਤ ਅਬੁਲ ਯਸਰ ਰਿਵਾਇਤ ਕਰਦੇ ਹਨ ਕਿ ਬਨੁਹਰਾਮ ਦੇ ਇਕ ਵਿਅਕਤੀ ਨੇ ਮੇਰਾ ਕਰਜ਼ਾ ਦੇਣਾ ਸੀ । ਇਕ ਦਿਨ ਮੈਂ ਉਸ ਕੋਲ ਗਿਆ । ਉਹ ਮੇਰੀ ਅਵਾਜ਼ ਸੁਣਕੇ ਲੁੱਕ ਗਿਆ । ਮੈਂ ਉਸ ਨੂੰ ਬੁਲਾਇਆ ਅਤੇ ਕਿਹਾ ਕਿ ਆ ਜਾਓ, ਮੈਨੂੰ ਪਤਾ ਹੈ ਕਿ ਤੁਸੀਂ ਕਿੱਥੇ ਹੋ । ਉਹ ਬਾਹਰ ਆਇਆ ਅਤੇ ਉਸ ਨੇ ਕਿਹਾ ਰੱਬ ਦੀ ਸਹੁੰ ਮੈਂ ਇਸ ਗੱਲ ਤੋਂ ਡਰਿਆਂ ਕਿ ਤੁਹਾਡੇ ਕੋਲ ਝੂਠ ਬੋਲਾਂ ਜਾਂ ਕੋਈ ਕੋਈ ਝੂਠਾ ਵਾਦਾ ਕਰਾਂ। ਮੈਂ ਉਸ ਨੂੰ ਪੁੱਛਿਆ ਕਿ ਕੀ ਵਾਸਤਵ ਵਿੱਚ ਤੁਸੀਂ ਰੱਬ ਦੀ ਸਹੁੰ ਖਾਕੇ ਇਹ ਗੱਲ ਕਹਿੰਦੇ ਹੋ । ਉਸ ਨੇ ਕਿਹਾ ਹਾਂ, ਇਸ'ਤੇ ਮੈਂ ਕਰਜ਼ੇ ਦੀ ਲੇਖਣੀ ਮਿਟਾ ਦਿੱਤੀ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅਬੁਲ ਯਸਰ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜਿਸਨੇ ਕਿਸੇ ਤੰਗਦਸਤ ਨੂੰ ਮੁਹਲਤ ਦਿੱਤੀ ਜਾਂ ਉਸ ਦਾ ਸਾਰਾ ਆਰਥਕ ਭਾਰ ਲਾ ਦਿਤੱਾ, ਰੱਬ ਉਸ ਨੂੰ ਆਪਣੀ ਛਾਇਆ ਵਿੱਚ ਥਾਂ ਦੇਵੇਗਾ, ਸੋ ਮੈਂ ਤੁਹਾਡਾ ਭਾਰ ਲਾਹ ਦਿਤੱਾ ਹੈ ਕਿਉਂਕਿ ਮੈਨੂੰ ਰੱਬ ਦੀ ਛਾਂ ਦੀ ਭਾਲ ਹੈ । ਇਹ ਇਕ ਹੋਰ ਉਧਾਰਣ ਹੈ ਰੱਬ ਦੇ ਖ਼ੌਫ਼ ਤੇ ਡਰ ਦੀ ।

ਹਜ਼ਰਤ ਅਬੁਲ ਯਸਰ ਹਦੀਸ ਕਰਨ ਵਿੱਚ ਅਤਿਅੰਤ ਸਾਵਧਾਨੀ ਨਾਲ ਕੰਮ ਲੈਂਦੇ ਸਨ । ਹਦੀਸ ਬਿਆਨ ਕਰਨ ਸਮੇਂ ਆਪ ਦੀ ਹਾਲਤ ਇਹ ਹੁੰਦੀ ਸੀ ਕਿ ਅਖੱਾਂ ਤੇ ਕੰਨ੍ਹਾ ਉਪੱਰ ਉਂਗਲੀ ਰਖੱਕੇ ਕਹਿੰਦੇ ਕਿ ਇਹਨਾ ਅਖੱਾਂ ਨੇ ਇਕ ਘਟਨਾ ਦੇਖੀ ਅਤੇ ਇਹਨਾ ਕੰਨ੍ਹਾ ਨੇ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੂੰ

ਬਿਆਨ ਕਰਦਿਆਂ ਸੁਣਿਆ । ਆਪ ਦੀ ਵਫ਼ਾਤ ਹਜ਼ਰਤ ਅਮੀਰ ਮੁਆਵੀਯਾਹ ਦੇ ਕਾਲ ਵਿੱਚ 55 ਹਿਜਰੀ ਵਿੱਚ ਹੋਈ।

ਹਜ਼ੂਰ ਅਨਵਰ ਨੇ ਫ਼ਰਮਾਇਆ ਇਹ ਲੋਕ ਸਨ, ਅਜੀਬ ਸ਼ਾਨ ਸੀ ਇਹਨਾ ਦੀ, ਜਿੰਨ੍ਹਾ ਨੇ ਸਾਨੂੰ ਰੱਬ ਨਾਲ ਵਫ਼ਾ ਦੇ ਤਰੀਕੇ ਵੀ ਸਿਖਾਏ, ਰੱਬ ਦੇ ਖ਼ੌਫ਼ ਦੇ ਤਰੀਕੇ ਵੀ ਸਿਖਾਏ, ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀਆਂ ਗਲੱਾਂ ਨੂੰ ਮਨ ਦੀਆਂ ਡੂੰਘਿਆਇਆਂ ਤੋਂ ਕੁਬੂਲ ਕਰਦਿਆਂ ਹੋਇਆਂ ਪੂਰੀ ਆਗਿਆਕਾਰੀ ਕਰਨ ਦੇ ਤਰੀਕੇ ਵੀ ਸਿਖਾਏ । ਅਲੱਾਹ ਤਆਲਾ ਇਹਨਾ ਲੋਕਾਂ ਦੇ ਦਰਜੇ ਬੁਲੰਦ ਕਰੇ ।

**Khulasa Khutba Jumma 25.01.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131